# ਭਗਤ ਨਾਮਦੇਵ - ਸਬਦ ੩੨

## ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥

ਰਾਗੁ ਰਾਮਕਲੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੭੩

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥
ਰਾਮ ਕੋਇ ਨ ਕਿਸ ਹੀ ਕੇਰਾ ॥
ਜੈਸੇ ਤਰਵਰਿ ਪੰਖਿ ਬਸੇਰਾ ॥੧॥ ਰਹਾਉ ॥
ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥
ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥
ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥
ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥

ਸਾਰ: ਹੋਂਦ ਅਤੇ ਪਛਾਣ ਦੀ ਪ੍ਰਕਿਰਤੀ ਇਕ ਜਟਿਲ ਗੁੰਝਲਦਾਰ ਵਿਸ਼ਾ ਹੈ। ਜਨਮ ਤੋਂ ਪਹਿਲਾਂ ਬੱਚੇ ਵਿਚ ਨਾ ਤਾਂ "ਮੈਂ" ਦੀ ਕੋਈ ਭਾਵਨਾ ਹੁੰਦੀ ਹੈ, ਨਾ ਕੋਈ ਨਿੱਜੀ ਪਿਛੋਕੜ, ਅਤੇ ਨਾ ਹੀ ਇਸ 'ਤੇ ਵਿਚਾਰ ਕਰਨ ਲਈ ਕੋਈ ਅਨੁਭਵ ਹੁੰਦਾ ਹੈ। ਸਾਡੀ ਪਛਾਣ ਜਨਮ ਉਪਰੰਤ ਹੀ ਆਪਣਾ ਸਰੂਪ ਸਿਰਜਨਾ ਸ਼ੁਰੂ ਕਰ ਦਿੰਦੀ ਹੈ, ਅਤੇ ਜੀਵਨ ਦੇ ਵੱਖ-ਵੱਖ ਅਨੁਭਵ ਉਸ ਨੂੰ ਆਕਾਰ ਦਿੰਦੇ ਹਨ। ਅਸੀਂ ਕੁਲ, ਪ੍ਰਾਪਤੀਆਂ ਅਤੇ ਰੁਤਬਿਆਂ ਦੇ ਜੋ ਮਾਰਕੇ ਆਪਣੇ ਉਪਰ ਲਗਾਉਂਦੇ ਹਾਂ ਉਹ ਪੂਰਨ ਸੱਚ ਨਹੀਂ ਹੁੰਦੇ; ਸਗੋਂ, ਉਹ ਤਾਂ ਹਾਲਾਤਾਂ ਦਾ ਇਕ ਗੁੰਝਲਦਾਰ ਮਿਸ਼ਰਣ ਹੁੰਦੇ ਹਨ ਜੋ ਸਾਡੇ ਜੀਵਨ ਦੌਰਾਨ ਪੈਦਾ ਹੁੰਦੇ ਹਨ ਅਤੇ ਸਮਾਂ ਪੈਣ 'ਤੇ ਲਾਜ਼ਮੀ ਤੌਰ 'ਤੇ ਫਿੱਕੇ ਵੀ ਪੈ ਜਾਂਦੇ ਹਨ। ਇਸ ਗੂੜ੍ਹ ਹਕੀਕਤ ਨੂੰ ਸਮਝਣ ਨਾਲ ਸਾਡੇ ਉਪਰ ਚੜ੍ਹੀ ਹਉਮੈ ਦੀ ਪਕੜ ਘੱਟ ਜਾਂਦੀ ਹੈ, ਜਿਸ ਨਾਲ ਸਾਨੂੰ ਵਿਰਾਸਤ ਵਿਚ ਮਿਲੀਆਂ ਧਾਰਨਾਵਾਂ ਤੋਂ ਪਰੇ ਦੇਖਣ ਦੀ ਸੂਝ ਪ੍ਰਾਪਤ ਹੁੰਦੀ ਹੈ। ਇਹ ਵਰਤਾਰਾ ਕੀਮਤੀ ਦ੍ਰਿਸ਼ਟੀਕੋਣਾਂ ਵਿਚ ਡੂੰਘਾ ਉਤਰਣ ਦੀ ਆਗਿਆ ਦਿੰਦਾ ਹੈ। ਇਹ ਖੇਡ ਸਾਡੇ ਆਲੇ ਦੁਆਲੇ ਵਸਦੇ ਸੰਸਾਰ ਨਾਲ ਸਾਡੇ ਗੂੜ੍ਹ ਸੰਬੰਧਾਂ ਨੂੰ ਸਰਸ਼ਾਰ ਕਰਦੀ ਹੈ, ਜਿੱਥੇ ਵਿਅਕਤੀਗਤ ਪਛਾਣ ਦੀਆਂ ਸੀਮਾਵਾਂ ਅਤੇ "ਮੇਰ-ਤੇਰ" ਦੀ ਵਿੱਥ ਉਪਰ ਟਿਕੇ ਭੇਦ ਨਿਰਾਕਾਰ ਹੋਂਦ ਵਿਚ ਲੀਨ ਹੋ ਜਾਂਦੇ ਹਨ।

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥

ਜਦੋਂ ਨਾ ਮਾਂ ਸੀ, ਨਾ ਪਿਤਾ, ਨਾ ਕੋਈ ਕਰਮ, ਅਤੇ ਨਾ ਹੀ ਕੋਈ ਭੌਤਿਕ ਸਰੀਰ ਸੀ। ਇਹ ਭਾਵ ਉਸ ਸੱਖਣੇਪਣ 'ਤੇ ਵਿਚਾਰ ਕਰਨ ਦਾ ਪ੍ਰਤੀਕ ਹੈ ਜੋ ਪਛਾਣ, ਅਤੇ ਕਰਮ-ਫਲ ਦੇ ਨਿਯਮਾਂ ਦੇ ਪ੍ਰਗਟ ਹੋਣ ਤੋਂ ਪਹਿਲਾਂ ਮੋਜੂਦ ਸੀ।

ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥

ਜਦੋਂ ਨਾ ਮੇਰੀ ਹੋਂਦ ਸੀ ਅਤੇ ਨਾ ਹੀ ਤੁਹਾਡੀ, ਤਾਂ ਫਿਰ ਕੌਣ ਕਿੱਥੋਂ ਆਇਆ? ਇਹ ਪ੍ਰਸ਼ਨ ਸਾਨੂੰ ਅਕਾਰ ਰਹਿਤ ਖੰਡ ਵਿਚ ਵਿਅਕਤੀਗਤ ਪਛਾਣ ਦੇ ਤੱਤਸਾਰ ਅਤੇ "ਮੈਂ" ਤੇ "ਤੂੰ" ਵਿਚਕਾਰਲੇ ਭੇਦ ਦੀ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ। (੧)

ਰਾਮ ਕੋਇ ਨ ਕਿਸ ਹੀ ਕੇਰਾ ॥

ਸਰਬ-ਵਿਆਪੀ ਸਤਾ ਨਾ ਤਾਂ ਕਿਸੇ ਨਾਲ ਕੋਈ ਸੰਬੰਧ ਰੱਖਦੀ ਹੈ ਅਤੇ ਨਾ ਹੀ ਇਹ ਕਿਸੇ ਦੀ ਮਲਕੀਅਤ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸ੍ਰਿਸ਼ਟੀ ਦਾ ਮੂਲ ਸਰੋਤ ਨਿਰਪੱਖ ਹੈ ਅਤੇ ਕਿਸੇ ਵੀ ਪਛਾਣ ਦੁਆਰਾ ਉਸ ਉੱਤੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ ਹੈ।

ਜੈਸੇ ਤਰਵਰਿ ਪੰਖਿ ਬਸੇਰਾ ॥੧॥ ਰਹਾਉ ॥

ਜਿਵੇਂ ਰੁੱਖ ਉੱਤੇ ਪੰਛੀ ਦਾ ਟਿਕਾਣਾ ਥੋੜ੍ਹੇ ਸਮੇਂ ਲਈ ਹੁੰਦਾ ਹੈ। ਇਹ ਦ੍ਰਿਸ਼ਟਾਂਤ ਭੌਤਿਕ ਸੰਸਾਰ ਦੀ ਅਸਥਿਰਤਾ ਨੂੰ ਦਰਸਾਉਂਦਾ ਹੈ। (੧)(ਠਹਿਰਾਉ)

ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥

ਜਦੋਂ ਨਾ ਚੰਦਰਮਾ ਸੀ, ਨਾ ਸੂਰਜ ਸੀ ਅਤੇ ਨਾ ਹੀ ਜਲ ਤੇ ਹਵਾ ਦਾ ਕੋਈ ਸੰਯੋਗ ਸੀ। ਇਹ ਭਾਵ ਉਸ ਅਵਸਥਾ ਨੂੰ ਦਰਸਾਉਂਦਾ ਹੈ ਜੋ ਹਰ ਕਿਸਮ ਦੇ ਦਵੰਦ ਅਤੇ ਜੀਵਨ-ਮੌਤ ਦੀ ਧਾਰਨਾ ਦੇ ਉਦਭਵ ਤੋਂ ਪਹਿਲਾਂ ਮੌਜੂਦ ਸੀ।

ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥

ਜਦੋਂ ਨਾ ਸ਼ਾਸਤਰ ਸਨ ਅਤੇ ਨਾ ਹੀ ਵੇਦ, ਤਾਂ ਫਿਰ ਕਰਮਾਂ ਦੀ ਧਾਰਨਾ ਕਿੱਥੋਂ ਉਦਭਵ ਹੋਈ? ਇਹ ਪ੍ਰਸ਼ਨ ਸਾਨੂੰ ਚੰਗੇ ਅਤੇ ਮਾੜੇ ਦੇ ਵਿਚਾਰ ਉੱਤੇ ਚਿੰਤਨ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇਹ ਸੰਕੇਤ ਵੀ

ਕਰਦਾ ਹੈ ਕਿ ਇਹ ਧਾਰਨਾ ਕਿਸੇ ਅੰਤਿਮ ਸੱਚ ਤੋਂ ਨਹੀਂ, ਸਗੋਂ ਸਾਡੀਆਂ ਮਾਨਸਿਕ ਸੰਰਚਨਾ ਤੋਂ ਉਪਜਦੀ ਹੈ। (੨)

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥
ਖੇਚਰ (ਸਾਹ), ਭੂਚਰ (ਸੁਰਤ) ਅਤੇ ਤੁਲਸੀ ਮਾਲਾ (ਮਰਿਯਾਦਾ) ਉੱਤੇ ਸੱਚੀ ਮੁਹਾਰਤ ਆਤਮਿਕ ਸੂਝ ਰਾਹੀਂ ਪ੍ਰਾਪਤ ਹੁੰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਸਪਸ਼ਟਤਾ ਕਰਮਕਾਂਡੀ ਤੱਪ ਜਾਂ ਬਾਹਰੀ ਸਾਧਨਾਂ ਨਾਲ ਨਹੀਂ, ਸਗੋਂ ਸਵੈ-ਚਿੰਤਨ ਰਾਹੀਂ ਪ੍ਰਾਪਤ ਹੁੰਦੀ ਹੈ।

ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥
ਨਾਮਦੇਵ ਨਿਮਰਤਾ ਨਾਲ ਕਹਿੰਦੇ ਹਨ ਕਿ ਇਸ ਪਰਮ ਤੱਤਸਾਰ ਦਾ ਪ੍ਰਗਟਾਵ ਉਸ ਵੇਲੇ ਹੁੰਦਾ ਹੈ ਜਦੋਂ ਬਿਬੇਕ ਰੂਪੀ ਸਤਿ ਦਾ ਅਨੁਭਵ ਹੁੰਦਾ ਹੈ। ਇਹ ਭਾਵ ਇਸ ਤੱਥ 'ਤੇ ਜ਼ੋਰ ਦਿੰਦਾ ਹੈ ਕਿ ਸਤਿ ਦਾ ਅਨੁਭਵ ਕਰਨਾ ਕੋਈ ਸਿਧਾਂਤਕ ਵਰਤਾਰਾ ਨਹੀਂ, ਸਗੋਂ ਸਾਡੇ ਨਿੱਜ ਆਪੇ ਦੁਆਰਾ ਨਿਰਦੇਸ਼ਤ ਸਿੱਧਾ, ਅੰਤਰੀਵੀ ਅਨੁਭਵ ਹੈ। (੩)(੩)

ਤੱਤ: ਭਗਤ ਨਾਮਦੇਵ ਇਸ ਤੱਥ ਉੱਤੇ ਜ਼ੋਰ ਦਿੰਦੇ ਹਨ ਕਿ ਜਦੋਂ ਅਸੀਂ ਆਪਣੇ ਅਸਤਿਤਵ ਨੂੰ ਰੰਗਤ ਦੇਣ ਵਾਲੇ ਸਮੁੱਚੇ ਤੱਤਾਂ ਨੂੰ ਤਿਆਗ ਦਿੰਦੇ ਹਾਂ, ਤਾਂ ਜਿਹੜਾ ਸੱਖਣਾਪਣ ਪ੍ਰਗਟ ਹੁੰਦਾ ਹੈ, ਉਹੀ ਹੋਂਦ ਦਾ ਸਿਰਮੌਰ ਤੱਤਸਾਰ ਹੈ। ਉਹ ਸਮਝਾਉਂਦੇ ਹਨ ਕਿ ਜਿਨ੍ਹਾਂ ਵਸਤਾਂ ਨੂੰ ਅਸੀਂ ਸੱਚ ਅਤੇ ਸਥਾਈ ਸਮਝਦੇ ਹਾਂ, ਜਿਵੇਂ ਸਾਡੇ ਰਿਸ਼ਤੇ, ਸਰੀਰ, ਸ਼ਾਸਤਰ, ਧਨ-ਦੌਲਤ ਅਤੇ ਕਰਮ ਇਹ ਸਭ ਨਾਸ਼ਵੰਤ ਅਤੇ ਅਸਥਾਈ ਹਨ। ਜਦੋਂ ਅਸੀਂ ਮਾਲਕੀ ਦੇ ਭਾਵ ਨੂੰ ਤਿਆਗ ਦਿੰਦੇ ਹਾਂ, ਤਾਂ ਅਸੀਂ ਹਉਮੈ ਦੀ ਉਸ ਮੰਗ ਤੋਂ ਮੁਕਤ ਹੋ ਜਾਂਦੇ ਹਾਂ ਜੋ ਹਰ ਤੱਥ ਵਿਚ ਨਿਸ਼ਚਿਤਤਾ, ਸੁਰੱਖਿਆ ਅਤੇ ਸਥਿਰਤਾ ਦੀ ਭਾਲ ਕਰਦੀ ਰਹਿੰਦੀ ਹੈ। ਇਹੀ ਆਤਮਿਕ ਸੂਝ ਸਾਡੀ "ਮੈਂ" ਦੀ ਉਸ ਸੀਮਿਤ ਪਛਾਣ ਤੋਂ ਪਾਰ ਲੰਗਾਉਣ ਵਿਚ ਸਹਾਇਤਾ ਕਰਦੀ ਹੈ, ਜੋ ਜਨਮ, ਸਮਾਜਕ ਬਣਤਰਾਂ ਅਤੇ ਅਸਥਾਈ ਪਹਿਚਾਣਾਂ ਨਾਲ ਬੱਝੀ ਹੋਈ ਹੈ। ਜਦੋਂ ਮਨੁੱਖ ਇਸ ਸੱਚ ਨੂੰ ਆਪਣੇ ਜੀਵਨ ਵਿਚ ਧਾਰਨ ਕਰ ਲੈਂਦਾ ਹੈ, ਤਾਂ ਉਸ ਦੀ ਆਪਣੇ ਆਪ ਬਾਰੇ ਅਤੇ ਸਮੂਹ ਸ੍ਰਿਸ਼ਟੀ ਵਿਚ ਆਪਣੇ ਸਥਾਨ ਬਾਰੇ ਸਮਝ ਬਿਲਕੁਲ ਬਦਲ ਜਾਂਦੀ ਹੈ। ਉਹ ਨਾਸ਼ਵੰਤ ਨਾਲ ਨਹੀਂ, ਸਗੋਂ ਸਰਬਵਿਆਪਕ ਅਤੇ ਅਬਿਨਾਸੀ ਸੱਚ ਨਾਲ ਇਕਰੂਪ ਹੋਣ ਦਾ ਅਨੁਭਵ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ
**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**